# BUDHA DAL PUBLIC SCHOOL PATIALA
## First Term Examination (16 September 2024)
**Class - VIII**
**Paper - Punjabi**
**Set - A**

**Time: 3 hrs.** **MM: 80**

**ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।**

**ਪੜ੍ਹਨ-ਕੌਸ਼ਲ**

**1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:** (5)

ਮੇਰੀਆਂ ਨਜ਼ਰਾਂ ਵਿੱਚ ਸੱਚੀ ਖ਼ੁਸ਼ਹਾਲੀ ਉਹ ਹੈ ਜਿਸ ਦੇ ਵਿੱਚ ਨਾ ਥੋੜ੍ਹੀ ਚਿੰਤਾ ਹੋਵੇ ਤੇ ਨਾ ਜ਼ਿਆਦਾ ਕਮਾਉਣ ਦਾ ਭਾਵ ਹੋਵੇ। ਮਨੁੱਖ ਆਪਣੀ ਚੰਗੀ ਸੇਵਾ ਦੁਨੀਆ ਨੂੰ ਦੇਵੇ ਤੇ ਉਸ ਸੇਵਾ ਲਈ ਲੋੜੀਂਦੇ ਸੁਆਦਾਂ ਸਮਾਨਾਂ ਦਾ ਹੱਕ ਸਮਝੇ। ਉਹਦੇ ਕੋਲ ਥੋੜ੍ਹੀ ਜਿਹੀ ਵਿਹਲ ਵੀ ਹੋਵੇ ਤੇ ਉਹਦੇ ਕੋਲ ਸਾਰੇ ਸਮਾਨ ਹੋਣ ਜਿਨ੍ਹਾਂ ਨਾਲ ਆਪਣੀ ਆਤਮਾ ਦੇ ਅੰਦਰਲੇ ਦ੍ਰਿਸ਼ ਨੂੰ ਮਾਣ ਸਕੇ। ਜਦ ਤੱਕ ਏਨੀ ਕੁ ਖ਼ੁਸ਼ਹਾਲੀ ਮਨੁੱਖ ਕੋਲ ਨਹੀਂ ਹੁੰਦੀ, ਉਦੋਂ ਤੱਕ ਉਹ ਕਦੇ ਆਪਣੀ ਅਤਿ ਚੰਗੀ ਖ਼ਿਦਮਤ ਦੁਨੀਆ ਨੂੰ ਨਹੀਂ ਦੇ ਸਕਦਾ। ਨਾ ਧਨ ਜੋੜਨ ਵਿੱਚ ਖ਼ੁਸ਼ਹਾਲੀ ਹੈ ਨਾ ਤਿਆਗ ਤੇ ਦਲਿੱਦਰ ਵਿੱਚ। ਸੱਚੀ ਖ਼ੁਸ਼ਹਾਲੀ ਇਹ ਹੈ ਕਿ ਜੇ ਬੱਚੇ ਹੋਣ ਤਾਂ ਸਾਫ਼ ਕੱਪੜਿਆਂ ਵਿੱਚ ਹੱਸਦੇ-ਖੇਡਦੇ ਹੋਣ, ਕਰਨ ਲਈ ਕੰਮ ਹੋਵੇ, ਇਸ ਕੰਮ ਵਿੱਚ ਚਿੱਤ ਲੱਗਦਾ ਹੋਵੇ, ਇਹ ਕੰਮ ਦੁਨੀਆ ਦਾ ਕੁਝ ਸੁਆਰਦਾ ਹੋਵੇ, ਦੁਨੀਆ ਦਾ ਸੁਖ ਵਧਾਉਂਦੇ ਹੋਵੇ ਜਾਂ ਗਿਆਨ ਵਿੱਚ ਵਾਧਾ ਕਰਦਾ ਹੋਵੇ, ਅਧੀਨਗੀ ਦੀ ਚਿੰਤਾ ਨਾ ਹੋਵੇ, ਗੁਆਂਢੀ ਵੀ ਖ਼ੁਸ਼ਹਾਲ ਹੋਣ, ਆਲੇ-ਦੁਆਲੇ ਖੇੜਾ ਹੋਵੇ ਤੇ ਇਸ ਖੇੜੇ ਵਿੱਚ ਅਸੀਂ ਵੀ ਹਿੱਸਾ ਪਾਇਆ ਹੋਵੇ।

ੳ) ਸੱਚੀ ਖ਼ੁਸ਼ਹਾਲੀ ਕਿਸ ਵਿੱਚ ਹੈ?
ਅ) ਖ਼ੁਸ਼ੀ ਕਿਹੜੀਆਂ ਚੀਜ਼ਾਂ ਵਿੱਚ ਨਹੀਂ ਹੈ?
ੲ) ਕਰਨ ਲਈ ਕੰਮ ਕਿਹੋ ਜਿਹਾ ਹੋਣਾ ਚਾਹੀਦਾ ਹੈ?
ਸ) ਮਨੁੱਖ ਆਪਣੇ ਆਲੇ-ਦੁਆਲੇ ਵਿੱਚ ਕੀ ਮਹਿਸੂਸ ਕਰੇ?
ਸ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

**2) ਹੇਠ ਦਿੱਤੇ ਚਿੱਤਰ ਨੂੰ ਵੇਖ ਕੇ 50-60 ਸ਼ਬਦਾਂ ਵਿੱਚ ਵਰਣਨ ਕਰੋ।** (5)



## ਵਿਆਕਰਨ

1) **ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ:** (½×4=2)
ਅਜ਼ਾਦੀ, ਗਰਮ, ਗੁਰੂ, ਲੋਕ

2) **ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:** (½×4=2)
ਵਸਤ੍ਰ, ਹਿਮਾਲਯ, ਚੇਹਰਾ, ਪਰੇਮ

3) **ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ:** (1×2=2)
ੳ) ਆਪਣੇ ਨਾਲ ਬੀਤੀ ਘਟਨਾ
ਅ) ਕਹਾਣੀਆਂ ਲਿਖਣ ਵਾਲਾ

4) **ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ:** (1×2=2)
ਗੈਰ, ਬਦ

5) **ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ:** (1×2=2)
ਈਨ, ਬਾਜ਼

6) **ਹੇਠ ਲਿਖੇ ਅਖਾਣਾਂ ਦੇ ਅਰਥ ਲਿਖੋ:** (1×2=2)
ੳ) ਇਕ ਪੰਥ ਦੋ ਕਾਜ
ਅ) ਆਪਣੀ ਗਲੀ ਵਿੱਚ ਕੁੱਤਾ ਵੀ ਸ਼ੇਰ ਹੁੰਦਾ ਹੈ

7) **ਹੇਠ ਲਿਖੇ ਵਾਕਾਂ ਵਿੱਚੋਂ ਕਿਰਿਆ ਵਿਸ਼ੇਸ਼ਣ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ:** (2)
ੳ) ਕੁੱਤਾ ਕਮਰੇ ਅੰਦਰ ਬੈਠਾ ਹੈ।
ਅ) ਉਹ ਹੋਲੀ ਹੋਲੀ ਤੁਰਦਾ ਹੈ।

8) **ਹੇਠ ਲਿਖੇ ਵਾਕਾਂ ਵਿੱਚੋਂ ਯੋਜਕ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ:** (2)
ੳ) ਸਾਹਿਲ ਅਤੇ ਸਵਾਤੀ ਦੋਹਾਂ ਦਾ ਇਕੋ ਸੁਭਾਅ ਹੈ।
ਅ) ਰਚਨਾ ਸਕੂਲ ਨਹੀਂ ਗਈ ਕਿਉਂਕਿ ਉਸ ਨੂੰ ਬੁਖਾਰ ਹੈ।

9) **ਹੇਠ ਲਿਖੇ ਵਾਕਾਂ ਵਿੱਚੋਂ ਲੋੜੀਦੇਂ ਵਿਸ਼ਰਾਮ ਚਿੰਨ੍ਹ ਲਗਾ ਕੇ ਦੁਬਾਰਾ ਲਿਖੋ:** (1)
ਸਰਪੰਚ ਨੇ ਕਿਹਾ ਨੌਜਵਾਨੋ ਪਿੰਡ ਦੀ ਪੱਤ ਰੱਖਣਾ

10) **ਹੇਠ ਲਿਖੇ ਬਹੁ-ਅਰਥਕ ਸ਼ਬਦ ਦੇ ਅਰਥ ਲਿਖ ਕੇ ਦੋ ਵਾਕ ਬਣਾਉ:** (4)
ਕਾਲ, ਵਾਰ

11) **ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ:** (4)
ੳ) ਉੱਲੂ ਬੋਲਣੇ
ਅ) ਸਿਰ ਖਾਣਾ
ੲ) ਅੱਖਾਂ ਵਿੱਚ ਰੜਕਣਾ
ਸ) ਇੱਟ ਕੁੱਤੇ ਦਾ ਵੈਰ

A-2

## ਪਾਠ ਪੁਸਤਕਾਂ ਤੇ ਅਧਾਰਿਤ

**1) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ। (ਕੋਈ ਛੇ):** (1×6=6)

ੳ) ਮੁਨਸ਼ੀ ਕਿਸ ਦਾ ਪੁੱਤਰ ਸੀ?

ਅ) ਮੈਂ ਪੰਜਾਬੀ ਕਵਿਤਾ ਵਿੱਚ ਕਵੀ ਨੂੰ ਪੰਜਾਬੀ ਤੋਂ ਇਲਾਵਾ ਕਿਹੜੀਆਂ ਭਾਸ਼ਾਵਾਂ ਆਉਂਦੀਆਂ ਹਨ।

ੲ) ਸੇਠ ਨੇ ਕਾਰਖਾਨਾ ਕਿੱਥੇ ਲਾਉਣ ਦਾ ਫੈਸਲਾ ਕੀਤਾ?

ਸ) ਗੁਰੂ ਨਾਨਕ ਦੇਵ ਜੀ ਕਿਸ ਦੇ ਫਨਕਾਰ ਸਨ?

ਹ) ਲੇਖਕ ਕਿੰਨੇ ਸਾਲਾਂ ਤੋਂ ਇੰਟਰਵਿਊ ਦੀ ਤਿਆਰੀ ਕਰ ਰਿਹਾ ਸੀ?

ਕ) ਚੰਡੀਗੜ੍ਹ ਸ਼ਹਿਰ ਦਾ ਨਾਂ ਕਿਸ ਪੁਰਾਤਨ ਮੰਦਿਰ ਤੋਂ ਲਿਆ ਗਿਆ ਹੈ?

ਖ) ਧਨੀ ਰਾਮ ਚਾਤ੍ਰਿਕ ਨੇ ਭਾਈ ਵੀਰ ਸਿੰਘ ਦੀ ਕਿਸ ਪ੍ਰੈਸ ਵਿੱਚ ਕੰਮ ਕੀਤਾ?

**2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 5 – 6 ਸਤਰਾਂ ਵਿੱਚ ਦਿਉ: (ਕੋਈ ਪੰਜ)** (5×2=10)

ੳ) ਪਿੰਡ ਵਾਸੀਆਂ ਨੇ ਜ਼ਮੀਨ ਦੇਣ ਲਈ ਕਿਹੜੀਆਂ-ਕਿਹੜੀਆਂ ਸ਼ਰਤਾਂ ਲਗਾਈਆਂ?

ਅ) ਗੁਰੂ ਨਾਨਕ ਦੇਵ ਜੀ ਦੁਆਰਾ ਕਿਹੜੇ-ਕਿਹੜੇ ਭੇਦ ਮਿਟਾਏ ਗਏ ਸਨ? ਕੀ ਅਸੀਂ ਉਨ੍ਹਾਂ ਦੇ ਦੱਸੇ ਰਸਤੇ ਤੇ ਅੱਜ ਚਲ ਰਹੇ ਹਾਂ?

ੲ) ਲੇਖਕ ਕਿੱਥੇ ਠਹਿਰਿਆ ਹੋਇਆ ਸੀ ਤੇ ਉਹ ਇਸ ਥਾਂ ਤੇ ਕਿਵੇਂ ਆਇਆ ਸੀ?

ਸ) ਚੰਡੀਗੜ੍ਹ ਨੂੰ ਸਿਟੀ ਬਿਊਟੀਫੁੱਲ ਕਿਉਂ ਕਿਹਾ ਜਾਂਦਾ ਹੈ? ਇਸ ਦੀ ਖਾਸ ਵਿਸ਼ੇਸ਼ਤਾ ਕੀ ਹੈ?

ਹ) ਮਹਾਨ ਕੋਸ਼ ਦੀ ਛਪਾਈ ਦਾ ਕੰਮ ਕਿੱਥੇ ਹੋਇਆ ਤੇ ਇਸ ਵਿੱਚ ਕਿਸਨੇ ਸਰਗਰਮ ਭੂਮਿਕਾ ਨਿਭਾਈ?

ਕ) ਕੀ ਹਮਦਰਦੀ ਸਿਰਫ ਰਿਸ਼ਤੇਦਾਰਾਂ ਵਿਚਾਲੇ ਹੀ ਹੁੰਦੀ ਹੈ?

**3) ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਉ:** (5×1=5)

ਸੈਕਟਰ, ਪਰਨਾਲੇ, ਵਿਉਪਾਰ, ਬੰਦੋਬਸਤ, ਹੁਨਰ

**4) ਹੇਠ ਲਿਖੇ ਕਾਵਿ-ਟੋਟੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ:** (3)

ਮੋਤੀ ਕਿਸੇ ਸੁਹਾਗਣ ਦੀ ਨੱਥ ਦਾ ਮੈਂ<br>
ਟੁਕੜਾ ਕਿਸੇ ਪੰਜਾਬਣ ਦੀ ਵੰਗ ਦਾ ਹਾਂ<br>
ਮਿਲੇ ਮਾਣ ਪੰਜਾਬੀ ਨੂੰ ਦੇਸ ਅੰਦਰ<br>
ਆਸ਼ਕ ਮੁੱਢੋ ਮੈਂ ਏਸ ਉਮੰਗ ਦਾ ਹਾਂ

ੳ) ਉਪਰੋਕਤ ਕਾਵਿ ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ ਤੇ ਇਸ ਦੇ ਕਵੀ ਦਾ ਨਾਮ ਲਿਖੋ।

ਅ) 'ਵੰਗ' ਸ਼ਬਦ ਦਾ ਕੀ ਅਰਥ ਹੈ?

ੲ) ਕਵੀ ਕੀ ਚਾਹੁੰਦਾ ਹੈ?

**5) ਹੇਠ ਲਿਖੇ ਕਹਾਣੀ ਦੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ:** (3)

ਅਗਲੇ ਦਿਨ ਸੇਠ ਪਟਵਾਰੀ ਨੂੰ ਲੈ ਕੇ ਪਿੰਡ ਦੇ ਸਰਪੰਚ ਕੋਲ ਪਹੁੰਚ ਗਿਆ ਤੇ ਸਰਪੰਚ ਨੇ ਲੋੜਵੰਦ ਕਿਸਾਨਾਂ ਨੂੰ ਜ਼ਮੀਨਾਂ ਵੇਚਣ ਲਈ ਕਿਹਾ ਕੁਝ ਕਿਸਾਨ ਮੰਨ ਗਏ ਪਰ ਬਹੁਤੇ ਕਿਸਾਨ ਜ਼ਮੀਨ ਵੇਚਣ ਲਈ ਤਿਆਰ ਨਾ ਹੋਏ ਕੁਝ ਕਿਸਾਨ ਇਹ ਕਹਿ ਕੇ ਚਲੇ ਗਏ ਕਿ ਉਹ ਆਪਣਾ ਫੈਸਲਾ ਕੱਲ੍ਹ ਦੱਸਣਗੇ।

ੳ) ਉਪਰੋਕਤ ਪੈਰ੍ਹਾ ਕਿਸ ਕਹਾਣੀ ਦਾ ਹਿੱਸਾ ਹੈ ਤੇ ਕਹਾਣੀਕਾਰ ਦਾ ਨਾਮ ਲਿਖੋ।

ਅ) ਲੋੜਵੰਦ ਸ਼ਬਦ ਦਾ ਅਰਥ ਲਿਖੋ।

ੲ) ਕੌਣ ਜ਼ਮੀਨ ਵੇਚਣ ਲਈ ਤਿਆਰ ਨਾ ਹੋਏ?

## ਲਿਖਣ-ਕੌਸ਼ਲ

1) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ। (10)

**ਵਿਗਿਆਨ ਦੇ ਚਮਤਕਾਰ**

ਨੁਕਤੇ -

ਜਾਣ-ਪਛਾਣ, ਵਿਗਿਆਨ ਦੇ ਲਾਭ, ਬਿਜਲੀ ਦੀ ਕਾਢ, ਸੰਚਾਰ ਦੇ ਸਾਧਨ, ਆਵਾਜਾਈ ਦੇ ਸਾਧਨ, ਖੇਤੀਬਾੜੀ ਵਿੱਚ ਲਾਭ, ਮਨੋਰੰਜਨ ਦੇ ਸਾਧਨ, ਡਾਕਟਰੀ ਖੇਤਰ ਵਿੱਚ ਪਰਿਵਰਤਨ, ਵਿਗਿਆਨ ਦੀਆਂ ਹਾਨੀਆਂ, ਸਾਰੰਸ਼।

ਜਾਂ

**ਗੁਆਚ ਰਹੇ ਪਿੰਡ**

ਨੁਕਤੇ -

ਜਾਣ-ਪਛਾਣ, ਆਪਸੀ ਪਿਆਰ ਦੀ ਘਾਟ, ਖਾਣ-ਪੀਣ ਦੇ ਤਰੀਕਿਆਂ ਵਿੱਚ ਫਰਕ, ਵਿਸਰਦਾ ਸਭਿਆਚਾਰ, ਨਵੀਨਪੁਣੇ ਦੇ ਨੁਕਸਾਨ, ਨੌਜਵਾਨਾਂ ਤੇ ਅਸਰ, ਸਾਰੰਸ਼।

4) ਆਪਣੇ ਮਿੱਤਰ/ ਸਹੇਲੀ ਨੂੰ ਇੱਕ ਪੱਤਰ ਲਿਖੋ ਜਿਸ ਵਿੱਚ ਉਸ ਨਾਲ ਗਰਮੀਆਂ ਦੀਆਂ ਛੁੱਟੀਆਂ ਵਿੱਚ ਕਿਸੇ ਪਹਾੜੀ ਸਥਾਨ ਤੇ ਜਾਣ ਦਾ ਪ੍ਰੋਗਰਾਮ ਬਣਾਉ। (8)

ਜਾਂ

ਨਗਰ-ਨਿਗਮ ਦੇ ਪ੍ਰਧਾਨ ਨੂੰ ਇਲਾਕੇ ਦੀ ਸਫ਼ਾਈ ਤੇ ਬਿਜਲੀ ਦੀ ਮਾੜੀ ਹਾਲਤ ਬਾਰੇ ਦੱਸਦੇ ਹੋਏ ਬਿਨੈ-ਪੱਤਰ ਲਿਖੋ।